# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਹਰਨੇਕ ਰਾਣਾ ਦੇ ਨਵੇਂ ਗੀਤ 'ਦੇਸ ਕਨੇਡਾ' ਦੀ ਵੀਡੀਓ ਕੈਨੇਡਾ ਪਲੇਸ ਵੈਨਕੂਵਰ ਵਿਖੇ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ




ਸਰੀ, 29 ਜੂਨ : ਗਾਇਕ ਅਤੇ ਗੀਤਕਾਰ ਹਰਨੇਕ ਰਾਣਾ ਦਾ ਨਵਾਂ ਗੀਤ 'ਦੇਸ ਹੈ ਕਨੇਡਾ ਮੇਰਾ ਦੁਨੀਆ ਤੋਂ ਸੋਹਣਾ ਏ' ਇਨੀਂ ਦਿਨੀਂ ਖੂਬ ਚਰਚਾ ਵਿੱਚ ਹੈ। ਬੀਤੇ ਦਿਨੀਂ 'ਹਰਨੇਕ ਰਾਣਾ ਇੰਟਰਟੇਨਮੈਂਟ' ਵੱਲੋਂ ਵੈਨਕੂਵਰ ਦੇ ਪ੍ਰਸਿੱਧ ਸਥਾਨ 'ਕੈਨੇਡਾ ਪਲੇਸ' ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਇਸ ਗੀਤ ਦੀ ਵੀਡੀਓ ਰਿਲੀਜ਼ ਕੀਤੀ ਗਈ। ਇਸ ਮੌਕੇ ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਿਤ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਵੀਡੀਓ ਲਾਂਚਿੰਗ ਦੌਰਾਨ ਮਾਹੌਲ ਉਸ ਵੇਲੇ ਬੇਹੱਦ ਖੁਸ਼ਗਵਾਰ ਹੋ ਗਿਆ ਜਦੋਂ ਪੰਜਾਬੀ ਸੰਗੀਤ ਦੀਆਂ ਧੁਨਾਂ 'ਤੇ ਪੰਜਾਬੀਆਂ ਦੇ ਨਾਲ-ਨਾਲ ਗ਼ੈਰ-ਪੰਜਾਬੀ ਲੋਕਾਂ ਨੇ ਵੀ ਰਲ ਕੇ ਭੰਗੜਾ ਪਾਇਆ। ਹਾਜ਼ਰ ਦਰਸ਼ਕਾਂ ਨੇ ਹਰਨੇਕ ਰਾਣਾ ਨੂੰ ਪਿਆਰ ਅਤੇ ਸਤਿਕਾਰ ਦਿੰਦਿਆਂ ਹੱਥਾਂ 'ਤੇ ਚੁੱਕ ਲਿਆ।

ਦੱਸਣਯੋਗ ਹੈ ਕਿ ਇਹ ਗੀਤ ਹਰਨੇਕ ਰਾਣਾ ਦੀ ਨਵੀਂ ਸੰਗੀਤਕ ਐਲਬਮ 'ਸੋਚ' ਦਾ ਹਿੱਸਾ ਹੈ, ਜਿਸ ਨੂੰ ਪਿਛਲੇ ਦਿਨੀਂ ਐਬਸਫੋਰਡ ਵਿਖੇ ਲੱਗੇ 'ਵਿਰਸੇ ਦੇ ਸ਼ੌਕੀਨ' ਮੇਲੇ ਦੌਰਾਨ ਰਿਲੀਜ਼ ਕੀਤਾ ਗਿਆ ਸੀ। ਇਸ ਐਲਬਮ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। 'ਸੋਚ' ਐਲਬਮ ਦੇ ਸਾਰੇ ਗੀਤ ਜਿੱਥੇ ਭਰਪੂਰ ਮਨੋਰੰਜਨ ਕਰਦੇ ਹਨ, ਉੱਥੇ ਹੀ ਸਮਾਜ ਅਤੇ ਜ਼ਿੰਦਗੀ ਦੇ ਵੱਖ-ਵੱਖ ਗੰਭੀਰ ਪਹਿਲੂਆਂ ਵੱਲ ਵੀ ਇਸ਼ਾਰਾ ਕਰਦੇ ਹਨ। ਇਸ ਐਲਬਮ ਦੇ ਸਾਰੇ 8 ਗੀਤ ਖ਼ੁਦ ਹਰਨੇਕ ਰਾਣਾ ਨੇ ਆਪਣੀ ਕਲਮ ਨਾਲ ਸ਼ਬਦਾਂ ਵਿੱਚ ਪਰੋਏ ਹਨ ਅਤੇ ਉਨ੍ਹਾਂ ਨੂੰ ਆਪਣੀ ਸੁਰੀਲੀ ਆਵਾਜ਼ ਨਾਲ ਸ਼ਿੰਗਾਰਿਆ ਹੈ।

ਇਸ ਮੌਕੇ ਗਾਇਕ ਹਰਨੇਕ ਰਾਣਾ ਨੇ ਸਮੂਹ ਸੰਗੀਤ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਪਹਿਲੇ ਗੀਤਾਂ ਦੀ ਤਰ੍ਹਾਂ ਹੀ ਸੁਣਨ-ਦੇਖਣ ਵਾਲੇ ਸੱਜਣ ਉਨ੍ਹਾਂ ਦੀ ਇਸ ਨਵੀਂ ਸੰਗੀਤਕ ਕੋਸ਼ਿਸ਼ ਨੂੰ ਵੀ ਆਪਣਾ ਭਰਪੂਰ ਪਿਆਰ, ਆਸ਼ੀਰਵਾਦ ਅਤੇ ਸਹਿਯੋਗ ਬਖ਼ਸ਼ਣਗੇ।

## ਸਾਹਿਤ ਵਿਗਿਆਨ ਕੇਂਦਰ ਵਲੋਂ ਪ੍ਰਤਾਪ ਪਾਰਸ ਦਾ ਰੂ-ਬ- ਰੂ

ਵਰਲਡ ਪੰਜਾਬੀ ਟਾਈਮਜ਼





ਚੰਡੀਗੜ੍ਹ 29 ਜੂਨ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਮੀਟਿੰਗ ਰੋਟਰੀ ਭਵਨ ਸੈਕਟਰ 70 ਮੋਹਾਲੀ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਡਾ. ਗੁਰਦੇਵ ਸਿੰਘ ਗਿੱਲ ਨੇ ਕੀਤੀ। ਡਾ. ਹਰਬੰਸ ਕੌਰ ਗਿੱਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਸ਼ੁਰੂ ਵਿਚ ਇਸ ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਜੁਲਾਈ ਮਹੀਨੇ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਫਿਰ ਪ੍ਰਤਾਪ ਪਾਰਸ ਗੁਰਦਾਸਪੁਰੀ ਜੀ ਨਾਲ ਰੂ-ਬ- ਰੂ ਕੀਤਾ ਗਿਆ।ਉਹਨਾਂ ਨੇ ਆਪਣੇ ਜੀਵਨ ਦੀਆਂ ਮਹਤੱਵਪੂਰਨ ਘਟਨਾਵਾਂ ਬਾਰੇ ਅਤੇ ਸਾਹਿਤਕ ਯੋਗਦਾਨ ਬਾਰੇ



ਦੱਸਿਆ।ਰਾਜਵਿੰਦਰ ਸਿੰਘ ਗੱਡੂ ਦੀ ਕਵਿਤਾ ਨਾਲ ਕਵੀ-ਦਰਬਾਰ ਦੀ ਸ਼ੁਰੂਆਤ ਹੋਈ।ਜਸਪਾਲ ਦੇਸੁਵੀ,ਪਰਮਜੀਤ ਪਰਮ,ਰੰਗਾੜਾ ਜੀ, ਬਾਬੂ ਰਾਮ ਦੀਵਾਨਾ, ਪਿਆਰਾ ਸਿੰਘ ਰਾਹੀ,ਡਾ. ਅਨਿਲ ਬਹਿਲ,ਬਲਵਿੰਦਰ ਸਿੰਘ ਢਿੱਲੋਂ,ਮਨਜੀਤ ਪਾਲ ਸਿੰਘ,ਬਹਾਦਰ ਸਿੰਘ ਗੋਸਲ, ਗੁਰਚਰਨ ਸਿੰਘ, ਰਜਿੰਦਰ ਧੀਮਾਨ,ਸਵਰਨ ਜੀਤ ਸਿੰਘ, ਪਰਵਿੰਦਰ ਸਿੰਘ ਅਜੀਜ, ਚਰਨਜੀਤ ਕਲੇਰ ਨੇ ਪੰਜਾਬ ਦੇ ਹਾਲਾਤ ਬਾਰੇ ਕਵਿਤਾਵਾਂ ਸੁਣਾਈਆਂ।ਆਸਟਰੀਆ ਦੇ ਸ਼ਹਿਰ ਵੀਆਨਾ ਤੋਂ ਪੁੱਜੀ ਅਰਨਾ ਨੇ ਵੀ ਅੰਗ੍ਰੇਜ਼ੀ ਵਿਚ ਬੋਲ ਕੇ ਆਪਣੇ ਜਜ਼ਬਾਤ ਸਭ ਨਾਲ ਸਾਂਝੇ ਕੀਤੇ। ਭਰਪੂਰ ਸਿੰਘ,ਲਾਭ ਸਿੰਘ ਲਹਿਲੀ, ਗੁਰਦਾਸ ਸਿੰਘ ਦਾਸ, ਰਾਜੂ ਨਾਹਰ,ਕਰਨੈਲ ਸਿੰਘ, ਰਤਨ ਬਾਬਕਵਾਲਾ,ਮੰਦਰ ਗਿੱਲ ਸਾਹਿਬਚੰਦੀਆ,ਰਾਣੀ ਸੁਮਨ, ਸਰਬਜੀਤ ਪੱਡਾ,ਈਸ਼ਰ ਸਿੰਘ ਲੰਭਵਾਲੀ,ਦਰਸ਼ਨ ਤਿਉਣਾ,ਮਲਕੀਤ ਨਾਗਰਾ, ਹਰਜੀਤ ਸਿੰਘ, ਛੋਟੇ ਬੱਚੇ ਗੁੰਨਰਾਜ ਸਿੰਘ ( ਤਬਲੇ ਨਾਲ) ਨੇ ਸਮਾਜਿਕ ਸਰੋਕਾਰ ਵਾਲੇ ਗੀਤ ਪੇਸ਼ ਕੀਤੇ।ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਡਾ. ਗੁਰਦੇਵ ਸਿੰਘ ਗਿੱਲ ਨੇ ਕਿਹਾ ਕਿ ਅਜਿਹੀਆਂ ਮਹਿਫਲਾਂ ਭਾਈਚਾਰੇ ਨੂੰ ਮਜਬੂਤ ਕਰਦੀਆਂ ਹਨ ਅਤੇ ਬੜਾ ਕੁਝ ਸਿੱਖਣ ਨੂੰ ਮਿਲਦਾ ਹੈ।ਮਾਵੀ ਜੀ ਨੇ ਸਭ ਦਾ ਧੰਨਵਾਦ ਕਰਦੇ ਹੋਏ ਲੇਖਕਾਂ ਨੂੰ ਸਮੇਂ ਦੇ ਹਾਣ ਦਾ ਲਿਖਣ ਦੀ ਅਪੀਲ ਕੀਤੀ।ਮੰਚ ਸੰਚਾਲਨ ਸ੍ਰੀਮਤੀ ਦਵਿੰਦਰ ਕੌਰ ਢਿੱਲੋਂ ਨੇ ਬੜੇ ਸੋਹਜਮਈ ਢੰਗ ਨਾਲ ਕੀਤਾ।ਇਸ ਮੌਕੇ ਚੰਡੀਗੜ੍ਹ, ਮੋਹਾਲੀ, ਖਰੜ,ਪੰਚਕੂਲਾ, ਪਿੰਜੌਰ ਅਤੇ ਰੋਪੜ ਤੋਂ ਬਹੁਤ ਸਾਰੇ ਕਵੀ ਅਤੇ ਲੇਖਕ ਹਾਜਰ ਸਨ।

## 'ਕਬੀਰ ਸਾਹਿਬ ਨੇ ਕੀਤਾ ਬਿਆਨ'




ਮਨੂੰਵਾਦ ਦੇ ਗੜ੍ਹ 'ਕਾਂਸ਼ੀ' ਅੰਦਰ
ਪੈਦਾ ਹੋਇਆ ਸਤਿਗੁਰ 'ਕਬੀਰ' ਲੋਕੋ।
ਲੋਕ ਸੁਣਕੇ ਸਾਰੇ ਹੈਰਾਨ ਹੋ ਗਏ,
ਐਸੀ ਕਰੀ ਉਹਨੇ ਤਕਰੀਰ ਲੋਕੋ।
ਵਰਣ ਵਿਵਸਥਾ ਦੇ ਜਨਮ ਦਾਤਿਆਂ ਨੂੰ,
ਉਹਨੇ ਸ਼ਰੇਆਮ ਲਲਕਾਰਿਆ ਸੀ।
ਪਾਇਆ ਸੱਚ ਤੇ ਪਰਦਾ ਪਖੰਡੀਆਂ ਦਾ,
ਲਾਹਕੇ ਸਾਹਮਣੇ ਉਹਨਾਂ ਦੇ ਪਾੜਿਆ ਸੀ।
ਮਾਰਨ ਲਈ ਹਾਥੀ ਮੂਹਰੇ ਗਿਆ ਸੁੱਟਿਆ
ਮਰਦ ਸੂਰਮਾ ਨਾ ਘਬਰਾਇਆ ਸੀ।
ਵਰਣ ਵਿਵਸਥਾ ਦਾ ਸਖ਼ਤ ਵਿਰੋਧ ਕੀਤਾ,
ਉਹਨੇ ਸ਼ਰੇਆਮ ਆਖ ਸੁਣਾਇਆ ਸੀ।
"ਜੌਂ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥"
ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥
ਲੋਗਨ ਰਾਮੁ ਖਿਲਉਨਾ ਜਾਨਾਂ ॥
ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥"
ਕਬੀਰ ਸਾਹਿਬ ਨੇ ਕੀਤਾ ਬਿਆਨ।
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
ਸੁੱਚਮ ਵਾਰੇ ਲੋਕਾਂ ਨੂੰ ਜੋ ਭਰਮਾ ਵਿੱਚ ਪਾਇਆ।
ਕਬੀਰ ਸਾਹਿਬ ਸੁੱਚਮ ਵਾਰੇ ਸਭਨਾਂ ਨੂੰ ਸਮਝਾਇਆ।
"ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥ ਕਹੁ ਪੰਡਿਤ ਸੂਚਾ ਕਵਨੁ ਠਾਉ ॥
ਜਹਾਂ ਬੈਸਿ ਹਉ ਭੋਜਨੁ ਖਾਉ ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥"
(ਪੰਨਾ 1195)
"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"
ਕਬੀਰ ਸਾਹਿਬ ਮਰਦ ਦਲੇਰ ਨੇ ਖੋਲ੍ਹੇ ਸਾਰੇ ਭੇਤ।
ਮੇਜਰ 'ਸੋਨਾ' ਮਨੂੰਵਾਦ ਦਾ ਮਿਲਾ ਦਿੱਤਾ ਵਿੱਚ ਰੇਤ।

ਵਰਲਡ ਪੰਜਾਬੀ ਟਾਈਮਜ਼ – ਮੇਜਰ ਸਿੰਘ ਬੁਢਲਾਡਾ

## ਉਨਟਾਰੀਓ ਫਰੈਂਡਜ਼ ਕਲੱਬ ਤੇ ਜਗਤ ਪੰਜਾਬੀ ਸਭਾ ਵੱਲੋਂ ਮਨਾਇਆ ਗਿਆ ਫਾਦਰ ਡੇਅ

### ਆਗਾਮੀ ਵਰਲਡ ਪੰਜਾਬੀ ਕਾਨਫਰੰਸ ਦੀ ਰੂਪ ਰੇਖਾ ਮੁਕੰਮਲ ਕੀਤੀ

ਵਰਲਡ ਪੰਜਾਬੀ ਟਾਈਮਜ਼ – ਹਰਦੇਵ ਚੌਹਾਨ



ਮਿੱਸੀਸਾਗਾ, 29 ਜੂਨ : ਉਨਟਾਰੀਓ ਫਰੈਂਡਜ਼ ਕਲੱਬ (ਓ.ਐੱਫ.ਸੀ.) ਅਤੇ ਜਗਤ ਪੰਜਾਬੀ ਸਭਾ ਵੱਲੋਂ ਫਾਦਰ ਡੇਅ ਸਤਿਕਾਰ ਬੈਂਕੁਐਟ ਹਾਲ, ਮਿੱਸੀਸਾਗਾ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ 200 ਤੋਂ ਵੱਧ ਸੱਜਣਾਂ ਨੇ ਹਾਜ਼ਰੀ ਭਰੀ। ਸਮਾਗਮ ਦਾ ਉਦਘਾਟਨ ਕੁਲਵੰਤ ਸਿੰਘ ਚੱਠਾ ਨੇ ਰਿਬਨ ਕੱਟ ਕੇ ਕੀਤਾ। ਪ੍ਰੋਗਰਾਮ ਦਾ ਮੰਚ ਸੰਚਾਲਨ ਸੰਤੋਖ ਸਿੰਘ ਸੰਧੂ ਅਤੇ ਡਾ. ਰਮਨੀ ਬਤਰਾ ਨੇ ਕੀਤਾ।

ਇਸ ਮੌਕੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਪਿਤਾਵਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਮੋਹਨ ਸਿੰਘ ਅਟਵਾਲ, ਮੋਹਿੰਦਰ ਸਿੰਘ ਥਿਆੜਾ, ਗੁਰਮੇਲ ਸਿੰਘ ਸੁਚ, ਹਰਭਜਨ ਸਿੰਘ ਬਾਠ, ਡਾ. ਰਜੇਸ਼ ਬਤਰਾ, ਗੁਰਦੇਵ ਸਿੰਘ ਜੋਹਲ, ਕੈਪਟਨ ਕਰਮ ਸਿੰਘ ਦਿਓਲ, ਅਮਰੀਕ ਗੋਗਨਾ, ਤਰਲੋਕ ਸਿੰਘ ਕਾਹਲੋਂ, ਗੁਰਨਾਮ ਸਿੰਘ ਟੋਡਰਵਾਲ, ਤਾਹਿਰ ਅਸਲਮ ਗੋਰਾ, ਰਾਮ ਪਾਲ ਪਵਾਰ, ਰਮਨ ਵਾਸੁਦੇਵ, ਅਸ਼ੀਸ਼ ਮਹਿਰਾ, ਜਸਵਿੰਦਰ ਸਿੰਘ ਮਠਾਰੂ, ਮੋਹਨ ਪੰਜਾਲਾ ਅਤੇ ਹੈਪੀ ਮਾਂਗਟ ਸ਼ਾਮਲ ਸਨ।



ਸਮਾਗਮ ਦੀ ਵਿਸ਼ੇਸ਼ ਖਿੱਚ ਬੱਚਿਆਂ ਵੱਲੋਂ ਆਪਣੇ ਪਿਤਾਵਾਂ ਦੇ ਸਨਮਾਨ ਵਿੱਚ ਦਿੱਤੇ ਗਏ ਭਾਸ਼ਣ ਰਹੇ। ਸਹਿਜ ਮਾਂਗਟ, ਰਿੱਕੀ ਗੋਗਨਾ, ਮੀਨੂ ਕਾਹਲੋਂ, ਇੰਦਰ ਪਾਲ, ਰੀਤਾ ਜੋਸਨ, ਧਰੁਵ ਪਵਾਰ, ਨਾਵ ਕਰਨ ਸਮੇਤ ਹੋਰ ਬੱਚਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਜੀਵਨ ਵਿੱਚ ਪਿਤਾ ਦੇ ਯੋਗਦਾਨ ਨੂੰ ਬਿਆਨ ਕੀਤਾ।

ਇਸ ਮੌਕੇ ਹਰਦੇਵ ਚੌਹਾਨ, ਸਤਨਾਮ ਕੌਰ, ਬਲਕਾਰ ਸਿੰਘ ਚੱਠਾ (ਫਰਾਂਸ), ਲਖਬੀਰ ਸਿੰਘ ਚੱਠਾ, ਮਲਕੀਤ ਸਿੰਘ ਔਜਲਾ, ਸਤਿੰਦਰ ਕਾਹਲੋਂ, ਡਾ. ਸੋਲਮਨ ਨਾਜ਼, ਬੰਤ ਨਿੱਜਰ, ਥਿੰਦ ਸਾਹਿਬ ਅਤੇ ਹੋਰ ਬਹੁਤ ਸਾਰੇ ਸੱਜਣ ਵੀ ਹਾਜ਼ਰ ਸਨ।

ਚੇਅਰਮੈਨ ਜਨਾਬ ਅਜੈਬ ਸਿੰਘ ਚੱਠਾ ਨੇ ਹਾਜਰੀਨਾਂ ਨੂੰ ਫਾਦਰ ਡੇਅ ਦੀਆਂ ਵਧਾਈਆਂ ਦਿੰਦਿਆਂ 17, 18 ਅਤੇ 19 ਜੁਲਾਈ 2026 ਨੂੰ ਹੋਣ ਵਾਲੀ 12ਵੀਂ ਵਰਲਡ ਪੰਜਾਬੀ ਕਾਨਫਰੰਸ ਲਈ ਭਰਵੀਂ ਹਾਜਰੀ ਅਤੇ ਸਹਿਯੋਗ ਦੀ ਅਪੀਲ ਕੀਤੀ। ਹਾਜ਼ਰ ਮੈਂਬਰਾਂ ਨੇ ਕਾਨਫਰੰਸ ਨੂੰ ਸਫਲ ਬਣਾਉਣ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਰਦਾਰ ਮਲਕੀਤ ਸਿੰਘ ਜੌਹਲ, ਭੁਪਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਢਿੱਲੋਂ ਅਤੇ ਸਰਦੂਲ ਸਿੰਘ ਥਿਆੜਾ ਆਦ ਸ਼ਾਮਲ ਸਨ।

ਸਰਦੂਲ ਸਿੰਘ ਥਿਆੜਾ ਨੇ ਜਾਣਕਾਰੀ ਦਿੱਤੀ ਕਿ 18 ਜੁਲਾਈ 2026 ਦੀ ਸ਼ਾਮ ਨੂੰ ਹੋਣ ਵਾਲੇ ਕਵੀ ਦਰਬਾਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਕਵੀ ਨੂੰ ਤਰਲੋਕ ਸਿੰਘ ਕਾਹਲੋਂ ਵੱਲੋਂ 501 ਡਾਲਰ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਸਮਾਗਮ ਦੌਰਾਨ ਸਰਦਾਰ ਮਲਕੀਤ ਸਿੰਘ ਜੋਹਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵਰਲਡ ਪੰਜਾਬੀ ਕਾਨਫਰੰਸ ਲਈ ਵਿੱਤੀ ਸਹਾਇਤਾ ਦੇਣ ਵਾਲੇ ਦਾਨੀ ਸੱਜਣਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਕਾਨਫਰੰਸ ਨੂੰ ਸਫਲ ਬਣਾਉਣ ਲਈ ਮੈਂਬਰਾਂ ਨੇ ਵੱਖ-ਵੱਖ ਜ਼ਿੰਮੇਵਾਰੀਆਂ ਵੀ ਸੰਭਾਲੀਆਂ। ਸਮਾਗਮ ਦੌਰਾਨ ਭੰਗੜੇ ਅਤੇ ਕਾਵ ਰਚਨਾਵਾਂ ਨੇ ਹਾਜਰੀਨਾ ਦਾ ਭਰਪੂਰ ਮਨੋਰੰਜਨ ਕੀਤਾ।
ਆਯੋਜਕਾਂ ਵੱਲੋਂ ਸਮਾਗਮ ਨੂੰ ਸਫਲ ਬਣਾਉਣ ਲਈ ਸਹਿਯੋਗੀ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ ਤੇ ਆਗਾਮੀ ਤਿੰਨ ਰੋਜਾ ਵਰਲਡ ਪੰਜਾਬੀ ਕਾਨਫਰੰਸ ਵਿੱਚ ਮਿਲਣ ਦਾ ਐਲਾਨ ਕੀਤਾ ਗਿਆ।

## ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵਲੋਂ ਸਿੱਖਿਆ, ਸਾਹਿਤ ਅਤੇ ਸਮਾਜ ਵਿਸ਼ੇ ਨਾਲ ਸੰਬੰਧਿਤ ਪ੍ਰਿੰਸੀਪਲ ਚੰਨਣ ਸਿੰਘ ਘੁੰਮਣ ਯਾਦਗਾਰੀ ਸਮਾਗਮ ਵਿੱਚ ਹੋਈ ਗਹਿਰੀ ਵਿਚਾਰ ਚਰਚਾ

ਵਰਲਡ ਪੰਜਾਬੀ ਟਾਈਮਜ਼



ਪਿਛਲੇ ਦਿਨੀਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਅੰਤਰਰਾਸ਼ਟਰੀ ਪਿਤਾ ਦਿਵਸ ਮੌਕੇ ਸਿੱਖਿਆ, ਸਾਹਿਤ ਅਤੇ ਸਮਾਜ ਵਿਸ਼ੇ ਉੱਤੇ ਆਨ ਲਾਈਨ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਚੰਨਣ ਸਿੰਘ ਘੁੰਮਣ ਦੀ ਯਾਦ ਨੂੰ ਸਮਰਪਿਤ ਇਸ ਵਿਸ਼ੇਸ਼ ਵਿਚਾਰ ਚਰਚਾ ਵਿੱਚ ਉਨ੍ਹਾਂ ਵਲੋਂ ਸਿੱਖਿਆ , ਸਾਹਿਤ ਅਤੇ ਸਮਾਜ ਪ੍ਰਤੀ ਪਾਏ ਵਿਸ਼ੇਸ਼ ਯੋਗਦਾਨ ਉੱਤੇ ਗਹਿਰੀ ਵਿਚਾਰ ਚਰਚਾ ਕੀਤੀ ਗਈ।


ਸਭ ਤੋਂ ਪਹਿਲਾਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਨੇ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਦੱਸਿਆ ਕਿ ਸਮਾਜ ਵਿੱਚ ਬੱਚਿਆਂ ਅਤੇ ਵਿਦਿਆਰਥੀਆਂ ਦੀ ਕਾਮਯਾਬੀ ਦੇ ਪਿੱਛੇ ਸਤਿਕਾਰਯੋਗ ਚੰਨਣ ਸਿੰਘ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੀ ਵੱਡੀ ਭੂਮਿਕਾ ਅਤੇ ਯੋਗਦਾਨ ਹੁੰਦਾ ਹੈ। ਇਸਦੇ ਬਾਅਦ ਪ੍ਰਿੰਸੀਪਲ ਸਾਹਿਬ ਦੇ ਹੋਣਹਾਰ ਵਿਦਿਆਰਥੀ ਅਤੇ ਇੰਗਲੈਂਡ ਦੇ ਵੱਡੇ ਕਾਰੋਬਾਰੀ ਪ੍ਰੀਤਵੰਤ ਸਿੰਘ ਭੁੱਲਰ ਨੇ ਪ੍ਰਿੰਸੀਪਲ ਚੰਨਣ ਸਿੰਘ ਨੂੰ ਮਹਾਨ ਅਧਿਆਪਕ ਦੱਸਦੇ ਹੋਏ ਕਿਹਾ ਕਿ ਉਹ ਆਪਣੇ ਵਿਦਿਆਰਥੀਆਂ ਨਾਲ ਦੋਸਤਾਨਾ ਸੰਬੰਧ ਰੱਖਦੇ ਅਤੇ ਹਰ ਸਮੇਂ ਸੱਜ-ਧੱਜ ਕੇ ਰਹਿੰਦੇ ਸਨ। ਇਸ ਤੋਂ ਬਾਅਦ ਮਸ਼ਹੂਰ ਪੰਜਾਬੀ ਗਾਇਕ ਸੁਰਿੰਦਰ ਲਾਡੀ ਨੇ ਪ੍ਰਿੰਸੀਪਲ ਚੰਨਣ ਸਿੰਘ ਹੁਰਾਂ ਨੂੰ ਚਾਨਣ ਮੁਨਾਰਾ ਦੱਸਦੇ ਹੋਏ ਕਿਹਾ ਕਿ ਅਸੀਂ ਅੱਜ ਵੀ ਉਹਨਾਂ ਦੇ ਦੱਸੇ ਹੋਏ ਰਾਹ ਤੇ ਚੱਲ ਕੇ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਾਂ। ਪ੍ਰਿੰਸੀਪਲ ਸਾਹਿਬ ਦੇ ਸਾਥੀ ਪ੍ਰੋ ਇੰਦਰਜੀਤ ਸਿੰਘ ਪੱਡਾ ਨੇ ਵੀ ਘੁੰਮਣ ਸਾਹਿਬ ਨੂੰ ਇੱਕ ਵਧੀਆ ਅਧਿਆਪਕ ਅਤੇ ਮਾਰਗ ਦਰਸ਼ਕ ਦੱਸਦੇ ਹੋਏ ਕਿਹਾ ਕਿ ਉਹਨਾਂ ਨੇ ਸਾਡੇ ਵਰਗੇ ਅਨੇਕਾਂ ਵਿਦਿਆਰਥੀਆਂ ਨੂੰ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਪ੍ਰੇਰਿਆ।

ਪੰਜਾਬੀ ਗੀਤਕਾਰ ਤੇ ਮੰਚ ਸੰਚਾਲਕ ਬਲਦੇਵ ਰਾਹੀ ਨੇ ਕਿਹਾ ਕਿ ਉੱਚੀ ਸੁੱਚੀ ਸ਼ਖ਼ਸੀਅਤ ਦੇ ਮਾਲਕ ਘੁੰਮਣ ਸਾਹਿਬ ਉਹ ਮੁਹੱਬਤੀ ਇਨਸਾਨ ਸਨ ਜੋ ਦੂਜਿਆਂ ਲਈ ਹਮੇਸ਼ਾਂ ਸਹਾਰਾ ਤੇ ਪ੍ਰੇਰਣਾ ਸਰੋਤ ਬਣਦੇ ਰਹੇ। ਇਸ ਵਿਲੱਖਣਤਾ ਦਾ ਅੰਦਾਜ਼ਾ ਉਹਨਾਂ ਦੀ ਆਖਰੀ ਯਾਤਰਾ ਵਿੱਚ ਬਹੁ ਗਿਣਤੀ ਤੇ ਵੱਡੀਆਂ ਪੰਜਾਬੀ ਹਸਤੀਆਂ ਦੀ ਹਾਜ਼ਰੀ ਤੋਂ ਹੀ ਲਾਇਆ ਜਾ ਸਕਦਾ ਹੈ। ਅਧਿਆਪਕ ਤੇ ਸਾਹਿਤਕਾਰ ਡਾ ਭੁਪਿੰਦਰ ਸਿੰਘ ਬੇਦੀ ਨੇ ਸਿੱਖਿਆ , ਸਾਹਿਤ ਤੇ ਸਮਾਜ ਵਿਸ਼ੇ ਤੇ ਵੱਡਮੁੱਲੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਬਿਨਾ ਸਿੱਖਿਆ ਨਹੀਂ , ਸਿੱਖਿਆ ਬਿਨਾ ਸਾਹਿਤ ਨਹੀਂ ਤੇ ਚੰਗਾ ਸਾਹਿਤ ਹੀ ਚੰਗੇ ਸਮਾਜ ਦੀ ਸਿਰਜਣਾ ਕਰਦਾ ਹੈ। ਪ੍ਰਿੰਸੀਪਲ ਚੰਨਣ ਸਿੰਘ ਘੁੰਮਣ ਵਰਗੀਆਂ ਸ਼ਖ਼ਸੀਅਤਾਂ ਇਸ ਗੱਲ ਦਾ ਪ੍ਰਮਾਣ ਹਨ। ਪ੍ਰਿੰਸੀਪਲ ਸਾਹਿਬ ਦੀ ਬੇਟੀ ਅਤੇ ਪੰਜਾਬੀ ਸਾਹਿਤਕਾਰਾ ਰੂਪ ਦਵਿੰਦਰ ਕੌਰ ਨਾਹਲ ਨੇ ਇਸ ਨਿਵੇਕਲੇ ਕਿਸਮ ਦੇ ਸਮਾਗਮ ਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਇਸ ਉਪਰਾਲੇ ਦਾ ਧੰਨਵਾਦ ਕੀਤਾ ਅਤੇ ਆਪਣੇ ਪਿਤਾ ਦੁਆਰਾ ਸਿੱਖਿਆ, ਸਮਾਜ ਅਤੇ ਪਰਿਵਾਰ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਕੀਤਾ। ਉਹਨਾਂ ਨੇ ਦੱਸਿਆ ਕਿ ਉਹ ਅੱਜ ਜੋ ਵੀ ਹਨ ਆਪਣੇ ਪਿਤਾ ਦੀ ਬਦੌਲਤ ਹੀ ਹਨ। ਇਸ ਸਮਾਗਮ ਵਿੱਚ ਬਲਵਿੰਦਰ ਸਿੰਘ ਚਾਹਲ, ਦਲਜਿੰਦਰ ਰਹਿਲ, ਡਾਕਟਰ ਭੁਪਿੰਦਰ ਸਿੰਘ ਬੇਦੀ, ਗੁਰਪ੍ਰੀਤ ਕੌਰ ਗੈਦੂ, ਬਲਦੇਵ ਰਾਹੀ ਅਤੇ ਸੁਰਿੰਦਰ ਲਾਡੀ ਨੇ ਵਿਚਾਰ ਸਾਂਝੇ ਕਰਨ ਦੇ ਨਾਲ ਨਾਲ ਗੀਤ, ਕਵਿਤਾਵਾਂ ਅਤੇ ਸ਼ੇਅਰਾਂ ਦੀ ਸਾਂਝ ਵੀ ਪਾਈ। ਅਕਾਦਮੀ ਦੇ ਜਨਰਲ ਸਕੱਤਰ ਦਲਜਿੰਦਰ ਰਹਿਲ ਨੇ ਬੜੇ ਹੀ ਸੰਜੀਦਗੀ ਭਰੇ ਕਲਾਤਮਕ ਅੰਦਾਜ਼ ਵਿੱਚ ਪ੍ਰੋਗਰਾਮ ਦਾ ਸੰਚਾਲਨ ਕੀਤਾ। ਸਮਾਗਮ ਵਿੱਚ ਬਲਜੀਤ ਕੌਰ ਇੰਗਲੈਂਡ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਅਖੀਰ ਵਿੱਚ ਪ੍ਰੋਫੈਸਰ ਜਸਪਾਲ ਸਿੰਘ ਨੇ ਆਏ ਹੋਏ ਸਾਰੇ ਹੀ ਮਹਿਮਾਨ ਅਤੇ ਬੁਲਾਰਿਆਂ ਦਾ ਧੰਨਵਾਦ ਕੀਤਾ।

## ਵਿਦਰੋਹੀ ਬੰਦੇ ਦੇ ਰੋਹ ਦੀ ਕਵਿਤਾ / "ਜ਼ਿੰਦਗੀ ਦੇ ਪਰਛਾਵੇਂ"

ਵਰਲਡ ਪੰਜਾਬੀ ਟਾਈਮਜ਼
ਡਾ. ਅਮਰਜੀਤ ਕੌਂਕੇ

ਸਮਕਾਲ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਮੁਹਾਂਦਰਾ ਬਹੁ-ਦਿਸ਼ਾਵੀ ਅਤੇ ਬਹੁ-ਪਸਾਰੀ ਹੈ। ਇਸ ਵੇਲੇ ਕਵਿਤਾ ਦੇ ਵਿਸ਼ਾਲ ਕੈਨਵਸ ਉਤੇ ਕਿਸੇ ਇੱਕ ਵਾਦ ਦੀ ਪ੍ਰਤੀਨਿਧਤਾ ਨਹੀਂ ਕੀਤੀ ਜਾ ਸਕਦੀ ਜਾਂ ਦੂਜੇ ਸ਼ਬਦਾਂ ਵਿੱਚ ਕਹਿ ਲਈਏ ਕਿ ਇਸ ਦੌਰ ਦੀ ਕਵਿਤਾ ਦੇ ਵਿੱਚ ਹਰ ਇੱਕ ਵਾਦ ਹੀ ਆਪਣੇ ਆਂਸ਼ਿਕ ਰੂਪ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਮੌਜੂਦ ਹੈ। ਨੌਜਵਾਨ ਸ਼ਾਇਰ ਜਸਵੰਤ ਗਿੱਲ ਦੀ ਨਵੀਂ ਆਈ ਪੁਸਤਕ "ਜ਼ਿੰਦਗੀ ਦੇ ਪਰਛਾਵੇਂ" ਇਸ ਪ੍ਰਸੰਗ ਵਿੱਚ ਇੱਕ ਵੱਖਰੇ ਨਜ਼ਰੀਏ ਤੋਂ ਦੇਖੀ ਜਾ ਸਕਦੀ ਹੈ। ਇਸ ਕਵਿਤਾ ਦਾ ਮੁਹਾਂਦਰਾ ਜੁਝਾਰਵਾਦੀ ਕਵਿਤਾ ਦੇ ਨਾਲ ਮੇਲ ਖਾਂਦਾ ਹੈ ਅਤੇ ਇਹ ਕਵਿਤਾ ਆਧੁਨਿਕ ਮਸਲਿਆਂ, ਸੰਕਟਾਂ ਦੇ ਨਾਲ ਮਾਰਕਸਵਾਦੀ ਨਜ਼ਰੀਏ ਤੋਂ ਦਸਤਪੰਜਾ ਲੈਂਦੀ ਨਜ਼ਰ ਆਉਂਦੀ ਹੈ। ਆਪਣੀ ਪਹਿਲੀ ਹੀ ਕਵਿਤਾ ਦੇ ਵਿੱਚ ਜਸਵੰਤ ਗਿੱਲ ਆਪਣੀ ਕਵਿਤਾ ਸਬੰਧੀ ਆਪਣੇ ਦ੍ਰਿਸ਼ਟੀਕੋਣ ਨੂੰ ਬਹੁਤ ਹੀ ਸਪਸ਼ਟ ਰੂਪ ਵਿੱਚ ਉਜਾਗਰ ਕਰ ਦਿੰਦਾ ਹੈ, ਜਦੋਂ ਉਹ ਆਖਦਾ ਹੈ ਕਿ




ਜੇ ਤੁਸੀਂ ਕਵਿਤਾ ਨੂੰ
ਸਿਰਫ਼ ਸਵਾਦ ਲਈ
ਪੜ੍ਹਦੇ ਹੋ
ਤਾਂ ਮੇਰੀ ਕਵਿਤਾ
ਤੁਹਾਡੇ ਸਵਾਦ ਨੂੰ
ਕਿਰਕਿਰਾ ਕਰ ਸਕਦੀ ਐ
ਤੁਸੀਂ ਇਸ ਤੋਂ ਦੂਰ ਹੀ ਰਹੋ

ਇਹਨਾਂ ਸਤਰਾਂ ਦੇ ਨਾਲ ਜਾਂ ਇਸ ਕਵਿਤਾ ਦੇ ਨਾਲ ਸ਼ੁਰੂ ਹੋਈ ਜਸਵੰਤ ਦੀ ਕਵਿਤਾ ਇਸ ਪੁਸਤਕ ਦੇ ਅੰਤ ਤੱਕ ਆਪਣਾ ਇਹ ਅਹਿਦ ਨਿਭਾਉਂਦੀ ਹੈ। ਉਸ ਨੂੰ ਆਪਣੀ ਸ਼ਾਇਰੀ ਵਿੱਚ ਅਤੇ ਆਪਣੀ ਕਵਿਤਾ ਦੇ ਵਿੱਚ ਪੂਰਾ ਯਕੀਨ ਹੈ ਕਿ ਉਸਦੀ ਕਵਿਤਾ ਭਾਵੇਂ ਕਿਸੇ ਮਸਲੇ ਦਾ ਹੱਲ ਨਹੀਂ ਕਰ ਸਕਦੀ ਪਰ ਕਵਿਤਾ ਕਿਸੇ ਮਸਲੇ ਨੂੰ ਦੁਨੀਆਂ ਦਾ ਮਸਲਾ ਬਣਾਉਣ ਦੇ ਸਮਰੱਥ ਹੈ। ਕਵਿਤਾ ਉਸ ਲਈ ਜ਼ਿੰਦਗੀ ਦਾ ਬਦਲ ਬਣ ਜਾਂਦੀ ਹੈ। ਨਵੀਂ ਪੰਜਾਬੀ ਸ਼ਾਇਰੀ ਦੀ ਨੌਜਵਾਨ ਕਵਿਤਾ ਦੇ ਵਾਂਗ ਉਸ ਦੀ ਕਵਿਤਾ ਮੁਹੱਬਤ ਦੇ ਚੁਲਬੁਲੇ ਅਹਿਸਾਸਾਂ ਦੀ ਕਵਿਤਾ ਨਹੀਂ, ਨਾ ਹੀ ਇਹ ਕਿਸੇ ਰੋਮਾਂਸਵਾਦ ਜਾਂ ਕਿਸੇ ਕਾਲਪਨਿਕ ਜਗਤ ਵਿੱਚ ਸ਼ਬਦਾਂ ਨੂੰ ਬਚਾਉਣ ਵਾਲੀ ਕਵਿਤਾ ਹੈ। ਇਹ ਕਵਿਤਾ ਇੱਕ ਮਿਹਨਤਕਸ਼ ਬੰਦੇ ਦੇ ਦਰਦ ਦੀ ਬਾਤ ਪਾਉਂਦੀ ਹੈ
ਉਹ ਆਪਣੀ ਕਵਿਤਾ ਵਿੱਚ ਲਿਖਦਾ ਹੈ

ਤੂੰ ਹੀ ਦੱਸ
ਮਿਹਨਤ ਦੇ ਲੁੱਟੇ
ਅਸਮਾਨ ਨੂੰ ਤੋਪੇ ਕਿੰਜ ਲਾਵਾਂ
ਨੀਲੇ ਬੱਦਲਾਂ ਨੂੰ
ਰੱਬ ਕਹਿ ਕਿੰਝ ਬੁਲਾਵਾਂ...
ਤੂੰ ਹੀ ਦੱਸ
ਮੁਹੱਬਤ ਦਾ ਗਰਭਪਾਤ ਕਰ ਕੇ
ਪੱਥਰ ਹੋ ਕਿੰਝ ਜੀਵਾਂ
ਮਹਿਬੂਬ ਦੇ ਸਾਹਾਂ ਚੋਂ
ਨਫ਼ਰਤ ਦਾ ਜ਼ਹਿਰ ਕਿੰਝ ਪੀਵਾਂ...

ਇਸ ਤਰ੍ਹਾਂ ਉਹ ਸਮਾਜ ਵਿਚਲੇ ਆਰਥਿਕ ਪਾੜੇ ਅਤੇ ਕਾਣੀ ਵੰਡ ਨੂੰ ਆਪਣੀ ਕਵਿਤਾ ਰਾਹੀਂ ਚਿੱਤਰਦਾ ਪ੍ਰਤੀਤ ਹੁੰਦਾ ਹੈ। ਅਜੋਕੇ ਦੌਰ ਦੇ ਵਿੱਚ ਧਰਮ ਦੇ ਨਾਂ ਤੇ ਪਖੰਡਵਾਦੀ ਰੁਚੀਆਂ ਨੂੰ ਦੇਖ ਕੇ ਉਹ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਵਾਪਸ ਮੁੜਨਾ ਲੋਚਦਾ ਹੈ ਤਾਂ ਕਿ ਹੁਣ ਉਹ ਜੋਗੀਆਂ ਦੇ ਟਿੱਲੇ ਤੋਂ ਮੱਕੇ ਤੋਂ ਸੱਜਣ ਠੱਗ ਦੇ ਡੇਰੇ ਤੋਂ ਵਾਪਸ ਮੁੜਨ ਅਤੇ ਵਾਪਸ ਮੁੜ ਕੇ ਕਾਜ਼ੀ ਮੁੱਲਾਂ ਨਾਥਾਂ ਜੋਗੀਆਂ ਨੂੰ ਸਿੱਧੇ ਰਾਹ ਪਾਉਣ ਦੀ ਬਜਾਏ ਆਪਣੇ ਹੀ ਪੰਥ ਦੇ ਭਾਈਆਂ ਪਾਠੀਆਂ ਪ੍ਰਚਾਰਕਾਂ ਅਤੇ ਕੀਰਤਨੀਆਂ ਨੂੰ ਅਸਲ ਸੱਚ ਦਾ ਮਾਰਗ ਦਿਖਾਉਣ। ਇਸੇ ਤਰ੍ਹਾਂ ਉਹ ਗੁਰੂ ਗੋਬਿੰਦ ਸਿੰਘ ਨੂੰ ਲੋਚਦਾ ਹੈ ਕਿ ਉਹ ਦੱਖਣ ਵੱਲੋਂ ਨੰਦੇੜ ਦੀ ਧਰਤੀ ਤੋਂ ਮੁੜ ਆਉਣ ਕਿਉਂਕਿ ਅਨੰਦਪੁਰ ਉਸ ਨੂੰ ਆਵਾਜ਼ਾਂ ਮਾਰਦਾ ਪ੍ਰਤੀਤ ਹੁੰਦਾ ਹੈ। ਜਾਤ ਪਾਤ ਦੀ ਚੱਕੀ 'ਚ ਪਿਸਦੇ ਲੋਕ ਕੁਰਲਾ ਰਹੇ ਹਨ ਜਿਨ੍ਹਾਂ ਨੂੰ ਖਤਰਾ ਪਹਾੜੀ ਰਾਜਿਆਂ ਤੋਂ ਨਹੀਂ ਤੇ ਨਾ ਹੀ ਔਰੰਗਜ਼ੇਬ ਤੋਂ ਹੈ ਬਲਕਿ ਹੁਣ ਤਾਂ ਉਹਨਾਂ ਤੋਂ ਖਤਰਾ ਹੈ ਜਿਹੜੇ ਗੁਰੂ ਘਰਾਂ ਵਿੱਚ ਕਾਬਜ਼ ਨੇ। ਉਹ ਜੈਮਲ ਪੱਡਾ ਅਤੇ ਪਾਸ਼ ਨੂੰ ਆਪਣਾ ਆਦਰਸ਼ ਬਣਾਉਂਦਾ ਹੈ। ਆਪਣੀ ਕਵਿਤਾ ਡਰੇ ਹੋਏ ਵਿੱਚ ਉਹ ਲਿਖਦਾ ਹੈ

ਉਹ ਗ਼ੁੱਸੇ ਵਿੱਚ ਕਹਿੰਦੇ ਨੇ
ਸਾਡੇ ਹੁਕਮਰਾਨ
ਇਹੀ ਤਾਂ ਨਹੀਂ ਚਾਹੁੰਦੇ
ਕਿ ਤੂੰ ਉਹਨਾਂ ਦੇ ਉਲਟ ਲਿਖੇਂ,
ਲੋਕਾਂ ਨੂੰ ਜਾਗਰੂਕ ਕਰੇਂ
ਤੇਰੀ ਸਮਝੋਂ ਬਾਹਰ ਹੈ
ਧਰਮ ਦੇ ਨਾਂ ਹੇਠ
ਸਿਆਸਤ ਵੱਲੋਂ ਖੇਡਿਆ ਜਾਂਦਾ ਪੱਤਾ...

ਜਸਵੰਤ ਦੀ ਕਵਿਤਾ ਥਾਂ-ਥਾਂ ਤੇ ਵਿਦਰੋਹ ਸਿਰਜਦੀ ਹੈ ਉਹ ਸਮਾਜੀ ਸਥਿਤੀਆਂ ਦੇ ਨਾਲ ਕਿਸੇ ਸਮਝੌਤੇ ਵਿੱਚ ਨਹੀਂ ਪੈਂਦਾ ਸਗੋਂ ਉਹ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਹੀ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਹ ਚੈਲੰਜ ਕਰਦਾ ਹੈ

ਤੁਸੀਂ ਸੋਚਣਾ ਵੀ ਨਾ
ਕਿ ਮੈਂ ਤੁਹਾਡੀ
ਫ਼ਿਰਕੂ ਹਕੂਮਤ ਅੱਗੇ ਗੋਡੇ ਟੇਕਾਂਗਾ
ਅਤੇ ਰਾਜਧਾਨੀ 'ਚ ਪਈ
ਖ਼ੂਨੀ ਕੁਰਸੀ ਅੱਗੇ ਸੀਸ ਝੁਕਾਵਾਂਗਾ
ਵੋਟਾਂ ਤੋਂ ਜਾਏ ਬਾਦਸ਼ਾਹਾਂ ਦੀ
ਜੀ ਹਜੂਰੀ ਕਰਾਂਗਾ...

ਜੁਝਾਰਵਾਦੀ ਕਵਿਤਾ ਵਾਂਗ ਇਸ ਕਵਿਤਾ ਦੀ ਭਾਸ਼ਾ ਵੀ ਰੈਟ੍ਰਿਕ ਦੀ ਭਾਸ਼ਾ ਹੈ। ਇਹ ਭਾਸ਼ਾ ਬਹੁਤ ਕੋਮਲ ਜਾਂ ਮਲੰਮੇਦਾਰ ਭਾਸ਼ਾ ਨਹੀਂ ਸਗੋਂ ਇਹ ਅੱਖੜ ਅਤੇ ਇੱਕ ਵਿਦਰੋਹੀ ਬੰਦੇ ਦੇ ਰੋਹ ਦੀ ਕਵਿਤਾ ਵਿੱਚ ਤਬਦੀਲ ਹੋ ਕੇ ਤਿੱਖੀ ਧੁਨੀ ਸਿਰਜਦੀ ਹੈ

ਮੈਂ ਥੁੱਕਦਾ ਹਾਂ
ਤੁਹਾਡੇ ਤਾਜ ਦੇ ਉੱਤੇ
ਜਿਸ ਦੇ ਹੰਕਾਰ 'ਚ
ਤੁਸੀਂ ਅੰਨ੍ਹੇ ਬੋਲ਼ੇ ਹੋ ਗਏ...
ਹੁਣ ਤੁਸੀਂ ਭਾਵੇਂ ਨਾ ਸੁਣੋ
ਸੱਤਾ ਹੇਠ ਦੱਬੀ ਜਨਤਾ ਦੀਆਂ ਚੀਕਾਂ
ਜਦੋਂ ਰਾਜਧਾਨੀ 'ਚੋਂ ਬਾਹਰ ਨਿਕਲੋਗੇ
ਤਾਂ ਹਵਾ ਦਾ ਰੁਖ
ਬਦਲਿਆ ਹੋਇਆ ਪਾਓਗੇ।

ਉਹ ਮਹਿਸੂਸ ਕਰਦਾ ਹੈ ਕਿ ਹੌਲੀ-ਹੌਲੀ ਵਕਤ ਬਦਲੇਗਾ ਤੇ ਇੱਕ ਨਵੇਂ ਯੁੱਗ ਦਾ ਆਗਾਜ਼ ਹੋਵੇਗਾ ਜਿੱਥੇ ਅਨਿਆਂ ਅਤੇ ਨਾਬਰਾਬਰੀ ਦਾ ਕੋਈ ਸਥਾਨ ਨਹੀਂ ਹੋਵੇਗਾ।
ਜਸਵੰਤ ਗਿੱਲ ਦੀ ਇਸ ਕਾਵਿ-ਪੁਸਤਕ ਦੀ ਸਮੁੱਚੀ ਕਵਿਤਾ ਕਿਸੇ ਨਾ ਕਿਸੇ ਮੁੱਦੇ, ਮਸਲੇ ਜਾਂ ਸੰਕਟ ਦੀ ਗੱਲ ਕਰਦੀ ਹੈ। ਉਹ ਕਿਤੇ ਵੀ ਸ਼ਬਦਾਂ ਦੀ ਚੋਂਚਲੇਬਾਜ਼ੀ ਵਿੱਚ ਨਹੀਂ ਪੈਂਦਾ ਸਗੋਂ ਬਹੁਤ ਹੀ ਸਿੱਧੇ ਢੰਗ ਨਾਲ ਆਪਣੀ ਗੱਲ ਆਖਦਾ ਹੈ ਤੇ ਵਿਸ਼ੇਸ਼ ਗੱਲ ਇਹ ਕਿ ਅਜਿਹੀ ਕਵਿਤਾ ਸਿਰਜਦਾ ਵੀ ਉਹ ਕਵਿਤਾ ਵਿਚਲੀ ਕਾਵਿਕਤਾ ਨੂੰ ਖੰਡਿਤ ਨਹੀਂ ਹੋਣ ਦਿੰਦਾ। ਉਸਦੇ ਬਿੰਬ ਅਲੰਕਾਰ ਵੀ ਸਾਡੇ ਆਲੇ ਦੁਆਲੇ ਦੇ ਵਿੱਚੋਂ ਲਏ ਗਏ ਹਨ। ਉਹ ਕੰਮ ਕਰਨ ਵਾਲੇ ਮਜ਼ਦੂਰ ਨੂੰ ਰਾਮ ਭਗਵਾਨ ਅਤੇ ਈਸ਼ਵਰ ਦਾ ਦਰਜਾ ਦਿੰਦਾ ਹੈ ਅਤੇ ਇਹ ਦੱਸਦਾ ਹੈ ਕਿ ਅਜੇ ਵੀ ਸਾਡੇ ਸਮਾਜ ਵਿੱਚ ਰਾਮ ਭਗਵਾਨ ਤੇ ਈਸ਼ਵਰ ਨੂੰ ਜਾਤਾਂ ਪਾਤਾਂ ਅਤੇ ਨਸਲਾਂ ਵਿੱਚ ਵੰਡ ਕੇ ਹੀ ਵੇਖਿਆ ਜਾਂਦਾ ਹੈ। ਉਸ ਨੂੰ ਮਨੁੱਖ ਹੋਣ ਦਾ ਗੌਰਵ ਪ੍ਰਾਪਤ ਨਹੀਂ। ਹੇਠਲੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ

ਮੇਰੇ ਪਿੰਡ ਦੇ
ਰਾਮ, ਭਗਵਾਨ ਤੇ ਈਸ਼ਵਰ
ਜਦ ਵੀ ਕਿਸੇ ਦੇ ਘਰ
ਦਿਹਾੜੀ ਜਾਂਦੇ
ਤਾਂ ਮਾਲਕ ਉਹਨਾਂ ਨੂੰ
ਮਜ਼ਦੂਰ ਸਮਝ ਰੱਤੀ ਭਰ ਵੀ
ਇੱਜ਼ਤ ਨਾ ਦਿੰਦੇ
ਉਹ ਗ਼ੁੱਸਾ ਨਾ ਕਰਦੇ
ਬਸ ਆਪਣਾ ਕੰਮ ਕਰਦੇ
ਲਗਨ ਨਾਲ਼
ਮਿਹਨਤ ਨਾਲ਼

ਇਸ ਤਰ੍ਹਾਂ ਉਹ ਕਿਰਤੀ ਮਜ਼ਦੂਰ ਦੇ ਗੌਰਵ ਨੂੰ ਇੱਕ ਵਾਰੀ ਫੇਰ ਆਪਣੀ ਕਵਿਤਾ ਦੇ ਵਿੱਚ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਐਲਾਨ ਕਵਿਤਾ ਦੇ ਵਿੱਚ ਉਹ ਮਣੀਪੁਰ ਦੀ ਧਰਤੀ ਤੇ ਵਾਪਰੇ ਦੁਖਾਂਤ ਨੂੰ ਦੇਸ਼ ਦੇ ਮੂੰਹ ਦੇ ਉੱਤੇ ਇੱਕ ਕਲੰਕ ਆਖਦਾ ਹੈ ਤੇ ਐਲਾਨ ਕਰਦਾ ਹੈ ਕਿ ਅੱਜ ਤੋਂ ਬਾਅਦ ਮੈਂ ਭਾਰਤ ਨੂੰ ਭਾਰਤ ਮਾਤਾ ਨਹੀਂ ਆਖਾਂਗਾ। ਉਸ ਦੇ ਸੁਪਨਿਆਂ ਵਿੱਚ ਕਾਮਰੇਡ ਕੁੜੀ ਆਉਂਦੀ ਹੈ ਜਿਹੜੀ ਹੱਥ 'ਚ ਝੰਡਾ ਤੇ ਹੋਠਾਂ ਤੇ ਇਨਕਲਾਬ ਦਾ ਨਾਅਰਾ ਲਾ ਕੇ ਅਜੇ ਵੀ ਇਕ ਚੰਗੇਰੇ ਸਮਾਜ ਲਈ ਸੰਘਰਸ਼ੀਲ ਹੈ। ਮਹਿਬੂਬ ਕੁੜੀ ਦੇ ਵਾਲਾਂ ਵਿੱਚੋਂ ਕਵੀ ਨੂੰ ਭਾਵੇਂ ਮਹਿਕ ਜਾਂ ਇਤਰ ਦੀ ਖੁਸ਼ਬੂ ਆਉਂਦੀ ਹੈ ਪਰ ਫਿਰ ਵੀ ਕਵੀ ਆਖਦਾ ਹੈ ਕਿ ਮੈਨੂੰ ਇਸ ਮਹਿਕ ਨਾਲੋਂ ਉਹ ਮਹਿਕ ਪਸੰਦ ਹੈ ਜਿਹੜੀ ਮਜ਼ਦੂਰ ਦੇ ਮੁੜ੍ਹਕੇ ਦੇ ਵਿੱਚੋਂ ਆਉਂਦੀ ਹੈ।
ਸੰਤ ਰਾਮ ਉਦਾਸੀ ਤੋਂ ਬਹੁਤ ਲੰਬੇ ਸਮੇਂ ਬਾਅਦ ਪੰਜਾਬੀ ਕਵਿਤਾ ਦੇ ਵਿੱਚ ਕਿਰਤੀ ਮਜ਼ਦੂਰ ਦੇ ਇਸ ਗੌਰਵ ਨੂੰ ਬਹੁਤ ਹੀ ਸ਼ਿੱਦਤ ਨਾਲ ਰੇਖਾਂਕਿਤ ਕੀਤਾ ਗਿਆ ਹੈ।
ਸਮੁੱਚੇ ਰੂਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਜਸਵੰਤ ਗਿੱਲ ਪੰਜਾਬੀ ਸ਼ਾਇਰੀ ਦੇ ਵਿੱਚ ਇੱਕ ਅਜਿਹੀ ਨਿਵੇਕਲੀ ਸੁਰ ਲੈ ਕੇ ਹਾਜ਼ਰ ਹੁੰਦਾ ਹੈ ਜਿਸ ਦੀ ਧੁਨੀ ਬੜੇ ਚਿਰ ਤੋਂ ਪੰਜਾਬੀ ਕਵਿਤਾ ਵਿੱਚੋਂ ਅਲੋਪ ਹੋ ਰਹੀ ਸੀ। ਉਹ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਬਹੁਤ ਹੀ ਸਿੱਧੀ ਸਾਧੀ ਅਤੇ ਬਹੁਤ ਹੀ ਚੈਲੰਜ ਭਰਪੂਰ ਭਾਸ਼ਾ ਰਾਹੀਂ ਆਪਣੀ ਕਵਿਤਾ ਦੇ ਵਿੱਚ ਬਿਆਨ ਕਰਦਾ ਹੈ। ਰਾਜਨੀਤਿਕ ਪੱਧਰ ਤੇ ਹੁੰਦਾ ਭ੍ਰਿਸ਼ਟਾਚਾਰ, ਸਮਾਜ ਵਿਚਲਾ ਅਨਿਆਂ, ਲੁੱਟ-ਖਸੁੱਟ, ਮਜ਼ਦੂਰ ਅਤੇ ਕਿਰਤੀ ਦੀ ਹੁੰਦੀ ਬੇਹੁਰਮਤੀ ਉਸ ਦੀਆਂ ਇਹਨਾਂ ਕਵਿਤਾਵਾਂ ਦੇ ਮੂਲ ਵਸਤੂ ਵਜੋਂ ਪੇਸ਼ ਹੁੰਦੀ ਹੈ। ਨਵੀਂ ਪੰਜਾਬੀ ਸ਼ਾਇਰੀ ਵਿੱਚ ਇਸ ਵਿਲੱਖਣ ਭਾਂਤ ਦੀ ਕਵਿਤਾ ਦਾ ਸਵਾਗਤ ਕਰਨਾ ਬਣਦਾ ਹੈ। ਮੈਨੂੰ ਉਮੀਦ ਹੈ ਕਿ ਕਦੇ ਨਾ ਕਦੇ ਅਜਿਹੀ ਕਵਿਤਾ ਦੇ ਸੁਪਨੇ ਵਰਗਾ ਸਮਾਜ ਜ਼ਰੂਰ ਸਿਰਜਿਆ ਜਾਵੇਗਾ ਜਿੱਥੇ ਨਾਬਰਾਬਰੀ, ਲੁੱਟ-ਖਸੁੱਟ ਅਤੇ ਅਨਿਆਂ ਦੀ ਕੋਈ ਵੀ ਥਾਂ ਨਹੀਂ ਹੋਵੇਗੀ।

## ਸ਼ੇਰ-ਏ-ਪੰਜਾਬ ਤਾਜਪੋਸ਼ੀ ਸਮਾਗਮ 1799..ਸੰਗਤ ਅੱਗੇ ਬੇਨਤੀ ਕੀਤੀ ਕੋਈ ਐਸੀ ਰੂਹ ਜਿਸਨੇ ਦਸਮ ਪਿਤਾ ਦੇ ਸ਼ਾਖਸ਼ਾਤ ਦਰਸ਼ਨ ਕੀਤੇ ਹੋਣ?

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਸਿੰਘ ਜਵੰਦਾ

ਸੌ ਕੁ ਸਾਲ ਦਾ ਇੱਕ ਬਾਬਾ..ਜੀ ਮੈਂ ਕੀਤੇ ਨੇ ਦੂਰੋਂ..ਓਦੋਂ ਪੰਜ ਸਾਲ ਦਾ ਸਾਂ..ਅਨੰਦਪੁਰ ਸਾਬ ਆਪਣੇ ਬਾਬੇ ਜੀ ਨਾਲ ਗਿਆ ਸਾਂ..ਫੇਰ ਕਿੱਦਾਂ ਮਹਿਸੂਸ ਹੋਇਆ?
ਇੰਝ ਲੱਗਾ ਜਿੱਦਾਂ ਸੌ ਸੂਰਜਾਂ ਦੀ ਰੋਸ਼ਨੀ ਨਾਲ ਮੇਰੀਆਂ ਅੱਖੀਆਂ ਚੁੰਧਿਆ ਗਈਆਂ ਹੋਣ..ਏਨਾ ਨੂਰ..ਜਲਾਲ..ਏਨਾ ਰੌਬ!




ਰਣਜੀਤ ਸਿੰਘ ਨੇ ਬਾਬੇ ਜੀ ਦੇ ਪੈਰ ਛੂਹੇ ਤੇ ਆਖਿਆ..ਜਿਦਾਂ ਤੁਹਾਨੂੰ ਓਦੋਂ ਮਹਿਸੂਸ ਹੋਇਆ ਹੋਣਾ..ਠੀਕ ਅੱਜ ਤੁਹਾਡੇ ਦਰਸ਼ਨ ਕਰਕੇ ਮੈਨੂੰ ਵੀ ਉੰਝ ਹੀ ਲੱਗ ਰਿਹਾ!

ਲਾਹੌਰ ਤੋਂ ਨਾਰੋਵਾਲ ਜਾਂਦੀ ਰੇਲ ਗੱਡੀ..ਬਦਾਮੀ ਬਾਗ ਟੇਸ਼ਨ ਤੋਂ ਇੱਕ ਬਾਬਾ ਆਣ ਚੜਿਆ..ਪੱਗ ਵਾਲਾ ਬੰਦਾ ਵੇਖ ਹੱਥੀਂ ਫੜਿਆ ਹੁੱਕਾ ਪਾਸੇ ਕਰ ਦਿੱਤਾ..ਅਖ਼ੇ ਸਰਦਾਰਾ ਬੜਾ ਚੰਗਾ ਕੀਤਾ..ਪੁਰਖਿਆਂ ਦੀ ਧਰਤੀ ਤੇ ਪੈਰ ਪਾਏ..ਪਰ ਸੱਚ ਪੁੱਛੇ ਤੁਹਾਡੇ ਨਾਲ ਹੋਈ ਬੜੀ ਮਾੜੀ..ਨਾ ਘਰ ਦੇ ਰਹੇ ਤੇ ਨਾ ਘਾਟ ਦੇ..ਏਨੇ ਨੂੰ ਰਾਵੀ ਦਾ ਪੁਲ ਆ ਗਿਆ..ਲੋਹੇ ਉੱਤੇ ਤੁਰਦਾ ਲੋਹਾ..ਕੰਨ ਪਾੜਵਾਂ ਖੜਾਕ..ਕੋਲ ਕਿੰਨੇ ਸਾਰੇ ਕਿਲੇ ਇਮਾਰਤਾਂ ਫਸੀਲਾਂ ਮਮਟੀਆਂ ਬੁਰਜ ਮੀਨਾਰ..ਕਿਧਰੇ ਉਸਦੀ ਫੌਜ ਤੁਰਦੀ ਹੁੰਦੀ ਹੋਵੇਗੀ ਤੇ ਕਿਧਰੇ ਉਸਦੇ ਪੈਦਲ ਕਾਫਲੇ..!

ਅਜੀਬ ਮਨੋਅਵਸ੍ਥਾ..ਸੋਚ..ਰੂਹ ਨੁੱਚੜ ਕੇ ਰਹਿ ਗਈ..ਧੋਖੇ ਫਰੇਬਾਂ ਸਾਜਿਸ਼ਾਂ ਪਿੱਠ ਪਿੱਛੇ ਛੁਰਿਆਂ ਦੀ ਦਾਸਤਾਨ..ਧਿਆਨ ਸਿੰਘ ਗੁਲਾਬ ਸਿੰਘ..ਹੀਰਾ ਸਿੰਘ ਲਹਿਣਾ ਸਿੰਘ ਚੇਤ ਸਿੰਘ..ਆਖਰੀ ਲੜਾਈ ਵਿਚ ਬਾਰੂਦ ਦੀ ਥਾਂ ਘੱਲੇ ਸਰੋਂ ਦੇ ਦਾਣੇ..ਰੂਹ ਨਾ ਕੰਬੀ ਹੋਵੇਗੀ ਜਦੋਂ ਕੰਵਰ ਨੌਨਿਹਾਲ ਦੇ ਦਿਲਕਸ਼ ਵਜੂਦ ਤੇ ਛੱਜਾ ਸੁੱਟਿਆ..ਸ਼ੇਰ ਸਿੰਘ ਦੇ ਗਿਆਰਾਂ ਸਾਲ ਦੇ ਪੁੱਤ ਦਾ ਸਿਰ ਕਲਮ ਕਰਕੇ ਨੇਜੇ ਤੇ ਟੰਗਿਆ..ਸੰਧਾਵਾਲੀਏ ਸਰਦਾਰਾਂ ਨੂੰ ਆਖੇ ਬੋਲ ਚਾਚਾ ਮੈਨੂੰ ਨਾ ਮਾਰੀ ਮੈਂ ਤੇਰਾ ਭਤੀਜਾ..ਅਜੇ ਵੀ ਲਾਹੌਰ ਦੀਆਂ ਗਲੀਆਂ ਕੂਚਿਆਂ ਵਿਚ ਗੂੰਝਦੇ..ਯੂ ਪੀ ਦਾ ਚੇਤ ਰਾਮ ਤੋਂ ਬਣਿਆ ਚੇਤ ਸਿੰਘ..ਫੇਰ ਦਿੱਤਾ ਵੱਡਾ ਧੋਖਾ..!

ਅਜੇ ਕੱਲ ਪੰਜਾਬ ਦੇ ਸ਼ਹਿਰ ਇੱਕ ਪੂਰਬੀਏ ਨੂੰ ਪੰਜਾਬੀ ਮੁਟਿਆਰ ਦੀ ਛੇੜਖਾਨੀ ਤੋਂ ਰੋਕਿਆ..ਅੱਗਿਓਂ ਸਿੱਖ ਮੁੰਡੇ ਦਾ ਕਿਰਚਾਂ ਮਾਰ ਮਾਰ ਸਰੀਰ ਛਾਨਣੀ ਕਰ ਦਿੱਤਾ..ਫੇਰ ਚੋਦਾਂ ਸਾਲ ਦੇ ਮੁੱਛ ਫੁੱਟ ਦੀ ਜੰਮਣ ਵਾਲੀ ਨੂੰ ਫੋਨ ਕਰਕੇ ਆਖਣ ਲੱਗੇ..ਫਲਾਣੀ ਥਾਂ ਪੁੱਤ ਦੀ ਲੋਥ ਪਈ ਚੁੱਕ ਲੈ..ਕਾਮਰੇਡਾਂ ਨੂੰ ਬੜਾ ਹੇਜ ਆਉਂਦਾ ਭਈਏ ਆਖੀਐ ਤਾਂ..!

ਨੋਰਥ-ਈਸਟ ਵੱਲ ਸਾਈਕਲ ਤੇ ਸਫ਼ਰ ਕਰਦੇ ਤੋਂ ਪੰਜਾਬੀ ਚੋਬਰ..ਅਸਾਮ ਤੋਂ ਅਰੁਣਾਚਲ ਵੜਨ ਲੱਗੇ ਤਾਂ ਰੋਕ ਲਿਆ..ਲੰਮੀ ਚੋੜੀ ਕਾਗਜੀ ਕਾਰਵਾਈ..ਕਿੰਨੇ ਸਾਰੇ ਕਿਥੋਂ ਕਿਓਂ ਕਦੋ ਕਿੱਦਾਂ ਅਤੇ ਮੁੜਨਾ ਕਦੋਂ ਪੁੱਛ ਵੀਜਾ ਦਿੱਤਾ..ਹਫਤੇ ਦਾ..ਪੈਸੇ ਅੱਡ ਲਏ..ਏਧਰ ਪੰਜਾਬ ਦਸ ਦਸ ਗੱਡੀਆਂ ਆਉਂਦੀਆਂ..ਨੱਕੋ ਨੱਕ ਭਰੀਆਂ..ਤੇ ਵਾਪਿਸ ਪਰਤਣ ਵੇਲੇ ਭਾਵੇਂ ਸੌ ਕੇ ਜਾਵੋ..ਖਾਲਮ ਖਾਲ਼ੀ..!

27 ਜੂਨ1839 ਯਾਨੀ ਅੱਜ ਦੇ ਦਿਨ ਰਣਜੀਤ ਸਿੰਘ ਨਾਮ ਦਾ ਸੂਰਜ ਸਦੀਵੀਂ ਅਸਤ ਹੋ ਗਿਆ..ਸਦਾ ਲਈ..ਦਸ ਸਾਲਾਂ ਬਾਅਦ ਖਾਲਸਾ ਫੌਜ ਦੇ ਆਖਰੀ ਜਥੇ ਨੇ ਹਥਿਆਰ ਸੁੱਟੇ ਤਾਂ ਗਮਗੀਨ ਮਾਹੌਲ..ਰੋਣ ਤੇ ਪਾਬੰਦੀ ਸੀ..ਘੋੜੇ ਵੀ ਹੈਰਾਨ ਕੀ ਵਰਤਾਰਾ ਵਾਪਰ ਰਿਹਾ..ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ..ਫੌਜਾਂ ਜਿੱਤ ਕੇ ਅੰਤ ਨੂੰ ਹਰੀਆਂ ਨੇ..ਰਾਣੀ ਜਿੰਦਾ..ਲਾਡਲੀ ਰਾਣੀ ਦੇ ਵਸਤਰ ਲੁਹਾ ਕੇ ਲਈ ਤਲਾਸ਼ੀ..ਮਣਾਂ ਮੂਹੀਂ ਬੇ-ਇੱਜਤੀ..ਬਾਲ ਦਲੀਪ ਸਿੰਘ ਵੀ ਖੋਹ ਲਿਆ..ਹੁਣ ਪੁੱਤਰ ਅਤੇ ਪਹਿਲੋਂ ਸਿਰ ਦਾ ਤਾਜ..ਵਾਹ ਮੇਰੇ ਮੌਲਾ..ਕੈਸਾ ਤੇਰਾ ਇਨਸਾਫ..!

ਕੇਰਾਂ ਸਾਡੀ ਵਲੈਤੀ ਗਾਈਂ ਦਾ ਵੱਛਾ ਪਿੰਡ ਘੱਲ ਦਿੱਤਾ..ਕਿੱਲਾ ਤੁੜਾ ਕੇ ਪੰਜ ਕਿਲੋਮੀਟਰ ਮਗਰ ਭੱਜੀ ਗਈ..ਮੋੜ ਕੇ ਲਿਆਂਦਾ..ਹੈ ਤਾਂ ਜਾਨਵਰ ਪਰ ਮਾਂ ਦੇ ਜਜਬਾਤ ਤੇ ਓਹੀ..!

ਹਸ਼ਮਤ ਖ਼ਾਨ ਚੱਠਾ..ਪਿਤਾ ਸ੍ਰ ਮਹਾ ਸਿੰਘ ਦਾ ਕੱਟੜ ਵੈਰੀ..ਰਣਜੀਤ ਸਿੰਘ ਤੇਰਾ ਸਾਲ ਦੀ ਉਮਰ..ਸ਼ਿਕਾਰ ਵੇਲੇ ਕੱਲਾ ਦੂਰ ਨਿੱਕਲ ਗਿਆ..ਟਾਕਰੇ ਹੋ ਗਏ..ਹਸ਼ਮਤ ਸੋਚਣ ਲੱਗਾ ਅੱਜ ਤਾਂ ਛਿੱਤਰ ਨਾਲ ਬਟੇਰ ਮਾਰ ਲੈਣਾ..ਅਣਜਾਣ ਅਣਭੋਲ ਕਿਸੇ ਕੀਮਤ ਤੇ ਨਹੀਂ ਛੱਡਣਾ..ਪਰ ਚੜਤ ਸਿੰਘ ਦਾ ਪੋਤਰਾ..ਇੱਕੋ ਵਾਰ ਨਾਲ ਹਸ਼ਮਤ ਖ਼ਾਨ ਦਾ ਸਿਰ ਵੱਢ ਨੇਜੇ ਤੇ ਟੰਗ ਲਿਆ..ਫੇਰ ਅਧੀਨਗੀ ਕਬੂਲ ਕਰਵਾਈ ਤਾਂ ਜਾ ਕੇ ਮੋੜਿਆ..!

ਅੱਟਕ ਦਰਿਆ..ਪਾਣੀ ਚੜ ਆਇਆ ਤਾਂ ਵੀ ਘੋੜੀ ਠੱਲ ਲਈ..ਮਗਰੇ ਸਾਰੀ ਫੌਜ..ਫਤਹਿ ਅਤੇ ਵਿਸਮਾਦ..!

ਕਾਮਰੇਡ ਪਾਣੀ ਪੀ ਪੀ ਭੰਡਦੇ..ਉਹ ਇੰਝ ਉੰਝ ਚਰਿੱਤਰ ਦਾ ਮਾੜਾ..ਪਰ ਅਸਲੀਅਤ ਕੁਝ ਹੋਰ..ਚਾਲੀ ਸਾਲ ਰਾਜ..ਕੋਈ ਦੰਗਾ ਫਾਂਸੀ ਵਿਦਰੋਹ ਤੇ ਅਕਾਲ ਨਹੀਂ..ਕਮਾਲ ਦਾ ਨਹਿਰੀ ਸਿਸਟਮ..ਮਾਮਲਾ ਜਮੀਨੀ ਵੰਡ ਟੈਕਸ ਖਜਾਨੇ ਅਤੇ ਨੱਕੋ ਨੱਕ ਭਰੇ ਰਹਿੰਦੇ ਸਰਕਾਰੀ ਭੰਡਾਰ..ਕਮਾਲ ਦੀ ਸਿਖਿਆ ਪ੍ਰਣਾਲੀ..ਆਧੁਨਿਕ ਵਿਦੇਸ਼ ਨੀਤੀ..ਫੌਜੀ ਤਕਨੀਕ..ਕਮਾਲ ਦੇ ਘੁੜ ਸਵਾਰ..ਤੋਪਖਾਨਾ..ਅਣਗਿਣਤ ਹਾਥੀ..ਸ਼ਹਿਰੀ ਪ੍ਰਬੰਧ..ਸਿਹਤ ਅਤੇ ਹਿਕਮਦ ਪ੍ਰਣਾਲੀ..ਧਰਮ ਨਿਰਪੇਖਤਾ..ਦਰਬਾਰ ਸਾਬ ਸੰਗਮਰਮਰ ਅਤੇ ਸੋਨੇ ਦੀ ਸੇਵਾ..ਹਲੇਮੀ ਰਾਜ..ਸੱਤ ਸਮੁੰਦਰ ਪਾਰੋ ਆਏ ਅਲਾਰ੍ਡ ਅਤੇ ਵੇਂਤੂਰੇ..ਨੇਪੋਲੀਅਨ ਦੀ ਫੌਜ ਦੇ ਆਪਣੀਆਂ ਸ਼ਰਤਾਂ ਤੇ ਰੱਖੇ ਜਰਨੈਲ..ਬਾਹਰੀ ਸਰੂਪ ਖਾਲਸਾ ਫੌਜ ਵਰਗੇ ਲੱਗੇ..ਦੀਵਾਨ-ਏ-ਖਾਸ ਦੇ ਐਨ ਉੱਤੇ ਸੁਸ਼ੋਬਿਤ ਸ੍ਰੀ ਗੁਰੂ ਗ੍ਰੰਥ ਸਾਬ..ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਵੱਲੋਂ ਸੁਣਾਈ ਕੋੜਿਆਂ ਦੀ ਸਜਾ..ਹੱਸ ਕੇ ਪ੍ਰਵਾਨ ਕੀਤਾ ਹੁਕਮ..ਦੀਵਾਨ ਮੋਹਕਮ ਚੰਦ ਨੂੰ ਵੱਡਾ ਅਹੁਦਾ..ਤੋਪਖਾਨੇ ਦਾ ਮੁਖੀ ਇਕ ਮੁਸਲਮਾਨ..ਵਿਦੇਸ਼ ਮੰਤਰੀ ਅਜੀਜ-ਉੱਦ-ਦੀਨ..!

ਇੱਕ ਵੇਰ ਮਰਾਸੀ ਨੇ ਕਾਣਾ ਆਖ ਦਿੱਤਾ..ਸਜਾ ਨਹੀਂ ਇਨਾਮ ਦਿੱਤਾ..ਕੋਈ ਗਰੀਬ ਹੱਥੀਂ ਲਿਖੀ ਕੁਰਾਨ ਲੈ ਆਇਆ..ਮੋਹਰਾਂ ਨਾਲ ਝੋਲੀ ਭਰ ਦਿੱਤੀ..!

ਮੁਹਿੰਮ ਤੇ ਨਿੱਕਲਦਾ ਤਾਂ ਸਭ ਤੋਂ ਅੱਗੇ ਆਪ ਤੇ ਜਦੋਂ ਜੇਤੂ ਹੋ ਕੇ ਪਰਤਦਾ ਤਾਂ ਸਭ ਤੋਂ ਪਿੱਛੇ..ਘੋੜੇ ਤੇ ਜਾਹੋ ਜਲਾਲ ਵੇਖਣ ਵਾਲਾ..ਕਦ ਦਾ ਮਧਰਾ ਪਰ ਰੋਹਬ ਦਬਦਬਾ ਅਖੀਰ ਤੱਕ..!

ਵਿਦੇਸ਼ ਮੰਤਰੀ ਫਕੀਰ ਅਜੀਜ-ਉੱਦ-ਦੀਨ..ਕਿਸੇ ਪੁੱਛਿਆ ਤੇਰੇ ਮਹਾਰਾਜੇ ਦੀ ਕਿਹੜੀ ਅੱਖ ਹੈਨੀ,,ਅੱਗਿਓਂ ਆਖਣ ਲੱਗਾ ਮੈਂ ਕਿਹੜਾ ਕਦੇ ਉਸਦੀ ਅੱਖ ਵਿਚ ਅੱਖ ਪਾ ਕੇ ਗੱਲ ਕੀਤੀ..!

ਮਰਾਠਾ ਜਸਵੰਤ ਰਾਏ ਹੋਲਕਰ..ਅੰਗਰੇਜ ਤੋਂ ਬਚਦਾ ਪੰਜਾਬ ਆਣ ਅੱਪੜਿਆ..ਕਹਿੰਦਾ ਮਦਦ ਕਰੋ..ਰਣਜੀਤ ਸਿੰਘ ਆਖਿਆ..ਇਥੇ ਜਿੰਨੀ ਦੇਰ ਮਰਜੀ ਰਹੁ ਜੋ ਚਾਹੀਦਾ ਮਿਲੇਗਾ..ਪਰ ਅਗੰਰੇਜਾਂ ਨਾਲ ਮੇਰੀ ਸੰਧੀ ਹੋਈ..ਫੌਜੀ ਮੱਦਤ ਸੰਭਵ ਨਹੀਂ..ਤਾਂ ਵੀ ਵਿਚ ਪੈ ਸੁਲਾ ਕਰਵਾ ਦਿੱਤੀ..ਵਾਪਿਸ ਜਾ ਕੇ ਚਿੱਠੀ ਘੱਲੀ..ਮੈਂ ਸੁਣਿਆ ਸੀ ਸਿੱਖ ਬਹਾਦੁਰ ਹੁੰਦੇ ਘਰ ਆਏ ਦੀ ਮਦਤ ਕਰਦੇ ਪਰ ਤੁਸੀਂ ਤੇ ਬਿਲਕੁਲ ਉਲਟ ਨਿੱਕਲੇ ਹੋ..!
ਮਹਾਰਾਜੇ ਨੇ ਜੁਆਬ ਘੱਲਿਆ..ਹਜਾਰਾਂ ਕਿਲੋਮੀਟਰ ਦੂਰੋਂ ਭੱਜੇ ਆਉਂਦੇ ਪੰਝੀ ਹਜਾਰ ਘੋੜ ਸਵਾਰਾਂ ਸਤਲੁਜ ਦਰਿਆ ਟੱਪ ਪਾਣੀ ਦਾ ਘੁੱਟ ਪੀਤਾ..ਇਥੇ ਰਹੇ..ਸਰਕਾਰ-ਏ-ਖਾਲਸਾ ਦੀ ਮੇਜਮਾਨੀ ਮਾਣੀ..ਤੇ ਵਾਪਿਸ ਪਰਤ ਚਿੱਠੀ ਰਾਂਹੀ ਦੱਸ ਰਹੇ ਓ ਕੇ ਕਿਹੜੇ ਦਲੇਰ ਹੁੰਦੇ ਤੇ ਕਿਹੜੇ ਬੁਜਦਿਲ..ਹੋਲਕਰ ਸਾਬ ਐਸੀਆਂ ਚਿਠੀਆਂ ਘੱਲਦੇ ਰਿਹਾ ਕਰੋ ਤਾਂ ਕੇ ਸਾਡੀ ਜਮੀਰ ਨੂੰ ਹਲੂਣਾ ਮਿਲਦਾ ਰਿਹਾ ਕਰੇ..!

ਅਬਦਾਲੀ ਕੋਲੋਂ ਖੋਹੀ ਭੰਗੀਆਂ ਵਾਲੀ ਤੋਪ..ਅੱਜ ਵੀ ਲਾਹੌਰ ਸ਼ਹਿਰ ਇੱਕ ਚੋਂਕ ਵਿਚ ਰੱਖੀ..ਮੁਲਤਾਨ ਦੀ ਜੰਗ ਵਿਚ ਪਹੀਆ ਟੁੱਟ ਗਿਆ..ਤੋਪਚੀ ਆਖਣ ਲੱਗਾ ਹਰੇਕ ਗੋਲੇ ਤੇ ਇੱਕ ਇਨਸਾਨੀ ਮੋਢਾ ਦੇਣਾ ਪੈਣਾ..ਪਰ ਮੌਤ ਪੱਕੀ ਏ..ਖੇਮੇਂ ਵਿਚ ਹਫੜਾ ਦਫੜੀ ਮੱਚ ਗਈ..ਟੋਹ ਲੈਂਦਾ ਇੱਕ ਪਠਾਣੀ ਸੂਹੀਆ ਸੋਚਣ ਲੱਗਾ ਸ਼ਾਇਦ ਖਾਲਸਾ ਫੌਜ ਡਰ ਗਈ ਏ..ਪਰ ਇਹ ਤਾਂ ਸਭ ਤੋਂ ਪਹਿਲੋਂ ਮੋਢਾ ਦੇਣ ਵਾਲਿਆਂ ਵਿਚ ਸ਼ੁਰੂ ਹੋ ਗਿਆ ਵਿੱਲਖਣ ਸੰਘਰਸ਼ ਸੀ..ਏਨੇ ਨੂੰ ਇੱਕ ਰੋਹਬਦਾਰ ਜਥੇਦਾਰ ਅੱਗੇ ਆਇਆ..ਅਖੇ ਸਾਰੇ ਪਾਸੇ ਹਟ ਜਾਵੋ ਪਹਿਲਾ ਮੋਢਾ ਤੁਹਾਡਾ ਜਥੇਦਾਰ ਦੇਊ..ਸੂਹੀਆ ਆਖਣ ਲੱਗਾ ਇਹ ਵਰਤਾਰਾ ਵੇਖ ਇੱਕ ਵੇਰ ਤੇ ਏਨਾ ਬੀਰ ਰਸ ਆਇਆ ਕੇ ਜੀ ਕੀਤਾ ਅਗਲਾ ਮੋਢਾ ਮੈਂ ਖੁਦ ਦੇ ਕੇ ਤੂੰਬਾ ਤੂੰਬਾ ਹੋ ਜਾਵਾਂ ਪਰ ਫੇਰ ਸੋਚਿਆ ਕਿਧਰੇ ਇਹ ਬਿਰਤਾਂਤ ਲਿਖਣੋਂ ਬਗੈਰ ਹੀ ਨਾ ਰਹਿ ਜਾਵੇ..!

ਦਲੀਪ ਸਿੰਘ 1863 ਵਿਚ ਕੱਲਕੱਤੇ ਮਾਂ ਰਾਣੀ ਜਿੰਦਾ ਨਾਲ ਮਿਲਣੀ..ਜੂੜਾ ਟੋਹਿਆ ਧਾਹ ਨਿਕਲ ਗਈ..ਸਿਰ ਦਾ ਸਾਈਂ ਰਣਜੀਤ ਸਿੰਘ ਅਸਲ ਵਿਚ ਅੱਜ ਮੋਇਆ..ਫੇਰ ਪੁੱਤ ਨੂੰ ਖੋਹ ਲਏ ਕੋਹੇਨੂੰਰ ਅਤੇ ਅਤੀਤ ਵਿਰਾਸਤ ਸ਼ਾਨੋਂ-ਸ਼ੋਕਤ ਸਰਕਾਰ-ਏ-ਖਾਲਸਾ ਅਤੇ ਦਰਬਾਰ-ਏ-ਖਾਲਸਾ ਸਿੱਖ ਰਾਜ ਸਿੱਖ ਫੌਜ ਜਜਬਾ ਚੜਤ ਬਾਰੇ ਦੱਸਿਆ..ਜਮੀਰ ਨੂੰ ਟੁੰਭਿਆ..ਪਰ ਉਸ ਵੇਲੇ ਤੱਕ ਦਲੀਪ ਅੰਗਰੇਜੀ ਰੰਗ ਵਿਚ ਰੰਗਿਆ ਗਿਆ ਸੀ..ਖਾਸ ਅਸਰ ਨਾ ਹੋਇਆ..ਫੇਰ ਸੰਨ ਚੌਂਠ ਵਿਚ ਜਦੋਂ ਮੁੱਕ ਗਈ ਤਾਂ ਹੋਸ਼ ਆਈ..ਪਰ ਓਦੋਂ ਵੇਲੇ ਦੀ ਨਮਾਜ ਕੁਵੇਲੇ ਦੀਆਂ ਟੱਕਰਾਂ ਹੋ ਨਿੱਬੜੀਆਂ..!

ਉੱਜੜ ਗਿਆਂ ਦਾ ਦੇਸ਼ ਨਾ ਕੋਈ..ਮਰਿਆਂ ਦੀ ਨਾ ਥਾਂ..ਨਾ ਵੇ ਰੱਬਾ ਨਾ..ਨਾ ਵੇ ਰੱਬਾ ਨਾਂ!

ਪਿੱਛੇ ਜਿਹੇ ਹਰੀ ਸਿੰਘ ਨਲੂਏ ਦੇ ਸ਼ਹਿਰ ਪਿਸ਼ੌਰ ਵਿਚ ਇੱਕ ਸਿੱਖ ਗੋਲੀ ਨਾਲ ਮਾਰ ਦਿੱਤਾ..ਆਟੋ ਰਿਖਸ਼ੇ ਵਿਚ ਮੂਧਾ ਪਿਆ ਹੋਇਆ ਸੀ..ਨਿਥਾਵਿਆਂ ਦਾ ਅੰਜਾਮ..ਅਗਲੇ ਇੱਕ ਰਾਤ ਕੋਲ ਰੱਖ ਅਗਲੇ ਦਿਨ ਅਗਾਂਹ ਤੋਰ ਦਿੰਨੇ..ਜਾ ਬਾਬਾ ਹੁਣ ਕਿਧਰੇ ਹੋਰ ਠਿਕਾਣਾ ਲੱਭ..!

ਪਿੱਛੇ ਜਿਹੇ ਔਟਵਾ ਗਏ ਨੂੰ ਇੱਕ ਅਫਗਾਨੀ ਉਬਰ ਡਰਾਈਵਰ ਮਿਲਿਆ..ਕਹਿੰਦਾ ਜਦੋਂ ਕਾਬੁਲ ਕਰਤੇ ਪਰਵਾਨ ਵੀਹ ਸਿੱਖ ਮਾਰੇ ਤਾਂ ਮੈਂ ਓਥੇ ਕੋਲ ਹੀ ਸਾਂ..ਸਾਰੇ ਹੈਰਾਨ ਪ੍ਰੇਸ਼ਾਨ ਇਹਨਾਂ ਨੂੰ ਕਿਓਂ ਮਾਰ ਦਿੱਤਾ..ਪਰ ਮਾਰਨ ਵਾਲੇ ਓਪਰੇ ਅਤੇ ਬਾਹਰੋਂ ਸਨ..ਤਾਰਾਂ ਕਿਧਰੇ ਹੋਰ ਜੁੜੀਆਂ ਸਨ..ਇਸ ਬਾਰੇ ਕਦੇ ਫੇਰ..ਨਿਥਾਵਿਆਂ ਦੇ ਸੰਧਰਬ ਵਿਚ ਗੱਲ ਚੇਤੇ ਆ ਗਈ!

ਅਠਾਰਾਂ ਸੌ ਚੁਰਨਵੇਂ..ਦਲੀਪ ਸਿੰਘ ਮੁੱਕ ਗਿਆ..ਵੱਡੀ ਧੀ ਲਾਹੌਰ ਆ ਗਈ..ਮਾਡਲ ਟਾਊਨ ਇੱਕ ਬੰਗਲਾ ਖਰੀਦ ਲਿਆ..ਇੱਕ ਮੁਸਲਮਾਨ ਮਾਲੀ..ਤਰਾਂ ਤਰਾਂ ਦੇ ਫੁਲ ਲਾਉਂਦਾ..ਬੰਬਾ ਫੁੱਲਾਂ ਨੂੰ ਸੁੰਘਦੀ..ਫੇਰ ਕੁਝ ਸੋਚਦੀ ਤੇ ਬਾਹਰ ਸੜਕਾਂ ਤੇ ਨਿੱਕਲ ਤੁਰਦੀ..ਮਰਹੂਮ ਦਾਦੇ ਦੀਆਂ ਕੰਸੋਵਾਂ ਲੈਂਦੀ..ਲਾਹੌਰੀਏ ਆਖਦੇ ਪਤਾ ਨੀ ਕੌਣ ਏ ਕਮਲੀ..ਐਵੇਂ ਘੁੰਮਦੀ ਰਹਿੰਦੀ..ਪਰ ਉਹ ਕਦੇ ਸ਼ਾਹੀ ਕਿਲੇ ਫਸੀਲ ਅੱਗੇ ਜਾ ਖਲੋਂਦੀ ਤੇ ਕਦੇ ਵੱਡੇ ਗੇਟ ਅੱਗੇ..ਜਿਥੇ ਕਦੇ ਦਾਦਾ ਦਰਬਾਰ-ਏ-ਖਾਲਸਾ ਦੀ ਸ਼ਾਨ ਹੋਇਆ ਕਰਦਾ ਸੀ..ਫੇਰ ਘੰਟਿਆਂ ਬੱਧੀ ਆਪਣੇ ਆਪ ਨਾਲ ਅਤੇ ਹਵਾ ਰੁੱਖਾਂ ਪੰਖੇਰੂਆਂ ਨਾਲ ਗੱਲਾਂ ਕਰਦੀ ਰਹਿੰਦੀ..ਖਾਲਸਾਈ ਸ਼ਾਨੋਂ-ਸ਼ੌਕਤ ਆਪਣੀ ਰੂਹ ਤੇ ਮਹਿਸੂਸ ਕਰਦੀ ਸੱਚਮੁੱਚ ਕਮਲੀ ਹੋ ਗਈ ਸੀ..ਸੰਤਾਲੀ ਵੇਲੇ ਵੀ ਲਾਹੌਰ ਨਾ ਛੱਡਿਆ..ਮੇਰਾ ਦਾਦਾ ਕੱਲਾ ਰਹਿ ਜੂ..ਫੇਰ ਦਸਾਂ ਸਾਲਾਂ ਬਾਅਦ ਇਥੇ ਹੀ ਮੁੱਕੀ..!

ਜਿਹਨਾਂ ਦਾ ਸਭ ਕੁਝ ਲੁੱਟ ਪੁੱਟ ਲਿਆ ਜਾਂਦਾ ਓਹਨਾ ਨੂੰ ਖੁਦ ਨਾਲ ਗੱਲਾਂ ਕਰਨੀਆਂ ਆ ਹੀ ਜਾਂਦੀਆਂ..ਰੂਹ ਚੁੱਪ ਰਹਿ ਕੇ ਕੂਕਦੀ ਏ..ਡਾਰੋਂ ਵਿਛੜੀ ਕੂੰਝ ਵਾਂਙ..!

ਅਬਾਦੀਆਂ ਵੀ ਵੇਖੀਆਂ..ਬਰਬਾਦੀਆਂ ਵੀ ਵੇਖੀਆਂ..ਸ਼ੇਰ-ਏ-ਪੰਜਾਬ ਦੀ ਮੜੀ ਪਈ ਸੀ ਆਖਦੀ..ਇਹਨਾਂ ਗੁਲਾਮਾਂ ਨੇ ਕਦੇ ਆਜ਼ਾਦੀਆਂ ਵੀ ਵੇਖੀਆਂ!